## ਫ਼ੌਰੀ ਸੁਝਾਅ

- ☑ ਰਫ਼ਤਾਰ ਦੀ ਸੀਮਾ ਵਿੱਚ ਗੱਡੀ ਚਲਾਓ।
- ☑ ਸਟਾਪ ਦੇ ਸਾਰੇ ਸੰਕੇਤਾਂ 'ਤੇ ਰੁਕੋ।
- ☑ ਪੈਦਲ ਚੱਲਣ ਵਾਲ਼ਿਆਂ ਅਤੇ ਸਾਈਕਲ ਚਲਾਉਣ ਵਾਲਿਆਂ ਲਈ ਵੀ ਥਾਂ ਛੱਡੋ।
- ☑ ਗੱਡੀ ਵਿੱਚ ਬੱਚਿਆਂ ਨਾਲ ਡ੍ਰਾਈਵਿੰਗ ਕਰਨ ਵੇਲ਼ੇ ਕਦੀ ਵੀ ਤਮਾਖੂਨੋਸ਼ੀ ਨਾ ਕਰੋ - ਇਹ ਕਾਨੂੰਨ ਹੈ!
- ☑ ਕਦੀ ਵੀ ਬੱਚਿਆਂ ਨੂੰ ਗੱਡੀ ਵਿੱਚ ਇਕੱਲਿਆਂ ਨਾ ਛੱਡੋ।
- ☑ ਟ੍ਰੱਕਾਂ ਨੂੰ ਵੱਧ ਥਾਂ ਚਾਹੀਦੀ ਹੈ - ਚੰਗੀ ਦੂਰੀ ਬਣਾਈ ਰੱਖੋ।
- ☑ ਆਪਣੀ ਗੱਡੀ ਅਤੇ ਆਪਣੇ ਸਾਹਮਣੇ ਵਾਲ਼ੀ ਗੱਡੀ ਵਿਚਕਾਰ ਚੋਖੀ ਥਾਂ ਛੱਡੋ।
- ☑ ਆਪਣੇ ਇਲਾਕੇ ਵਿੱਚ ਪਾਰਕਿੰਗ ਬਾਰੇ ਜਾਣਕਾਰੀ ਲਈ ਮਿਊਂਸਿਪਲ ਦੇ ਸਥਾਨਕ ਨੇਮਾਂ ਬਾਰੇ ਪਤਾ ਲਾਓ।

## ਜੇ ਤੁਹਾਡੇ ਨਾਲ ਹਾਦਸਾ ਵਾਪਰਿਆ ਹੈ

ਓਂਟੈਰੀਓ ਕਾਨੂੰਨ ਅਨੁਸਾਰ ਸੱਟ-ਫੇਟ ਲੱਗਣ, ਸਮਾਨ ਨੂੰ ਨੁਕਸਾਨ ਪਹੁੰਚਣ ਜਾਂ ਗੱਡੀਆਂ ਨੂੰ ਹੋਏ ਕੁੱਲ ਨੁਕਸਾਨ, ਜੋ ਕਿ $2,000 ਜਾਂ ਵੱਧ ਹੈ, ਬਾਰੇ ਟੱਕਰ ਦੀ ਰਿਪੋਰਟ ਜ਼ਰੂਰ ਕਰਨੀ ਚਾਹੀਦੀ ਹੈ।

ਸਿਰਫ਼ ਐਮਰਜੈਂਸੀ ਵੇਲ਼ੇ ਹੀ 911 ਨੂੰ ਕਾਲ ਕਰੋ। ਐਮਰਜੈਂਸੀ ਨਾ ਹੋਣ 'ਤੇ ਹਿਦਾਇਤਾਂ ਲਈ ਸਥਾਨਕ ਪੁਲਿਸ ਨੂੰ ਕਾਲ ਕਰੋ।

ਟੱਕਰ ਹੋਣ 'ਤੇ ਸ਼ਾਂਤ ਰਹੋ। ਜੇ ਇੰਜ ਕਰਨਾ ਸੁਰੱਖਿਅਤ ਹੈ, ਤਾਂ ਗੱਡੀਆਂ ਨੂੰ ਸੜਕ ਤੋਂ ਹਟਾਓ।

ਦੂਜੇ ਡ੍ਰਾਈਵਰ (ਡ੍ਰਾਈਵਰਾਂ) ਨੂੰ ਜਾਣਕਾਰੀ ਦੇਣ ਅਤੇ ਲੈਣ ਜਾਂ ਪੁਲਿਸ ਨੂੰ ਆਪਣੀ ਜਾਣਕਾਰੀ ਦੇਣ ਤੱਕ ਹਾਦਸੇ ਵਾਲ਼ੀ ਥਾਂ ਨਾ ਛੱਡੋ।

## ਪੈਦਲ ਚੱਲਣ ਵਾਲਿਆਂ ਦੀ ਸੁਰੱਖਿਆ



- ਕ੍ਰਾਸਓਵਰਾਂ ਅਤੇ ਚੌਰਾਹਿਆਂ 'ਤੇ ਸੜਕ ਪਾਰ ਕਰੋ — ਮਿਡ ਬਲਾਕ ਜਾਂ ਪਾਰਕ ਕੀਤੀਆਂ ਗਈਆਂ ਗੱਡੀਆਂ ਵਿਚਕਾਰੋਂ ਨਹੀਂ।
- ਹਰੀ ਬੱਤੀ ਜਾਂ "ਚੱਲਣ" ਦਾ ਸੰਕੇਤ ਸ਼ੁਰੂ ਹੋਣ 'ਤੇ ਸੜਕ ਪਾਰ ਕਰੋ। ਕਦੀ ਵੀ ਪੀਲੀ ਜਾਂ ਲਾਲ ਬੱਤੀ 'ਤੇ ਸੜਕ ਪਾਰ ਕਰੋ।
- ਯਕੀਨੀ ਬਣਾਓ ਕਿ ਡ੍ਰਾਈਵਰ ਤੁਹਾਨੂੰ ਵੇਖ ਸਕਣ, ਭਾਵੇਂ ਤੁਸੀਂ ਸਹੀ ਰਾਹ 'ਤੇ ਹੋ। ਮੁੜਣ ਵਾਲੀਆਂ ਕਾਰਾਂ ਵੀ ਵੇਖੋ।
- ਜਦੋਂ ਵੀ ਸੰਭਵ ਹੋਵੇ ਪਟੜੀ 'ਤੇ ਚਲੋ। ਜੇ ਪਟੜੀ ਨਹੀਂ ਹੈ, ਤਾਂ ਸੜਕ 'ਤੇ ਸਾਹਮਣਿਓਂ ਆ ਰਹੇ ਟ੍ਰੈਫ਼ਿਕ ਦੇ ਖੱਬੇ ਪਾਸੇ ਚਲੋ।
- ਲਾਈਟ ਪੈਣ ਨਾਲ ਚਮਕਣ ਵਾਲੇ, ਚਮਕੀਲੇ ਜਾਂ ਹਲਕੇ ਰੰਗ ਦੇ ਕੱਪੜੇ ਪਾਓ। ਰਾਤ ਨੂੰ ਜਾਂ ਖ਼ਰਾਬ ਮੌਸਮ ਦੌਰਾਨ ਕਲਿੱਪ ਆਨ ਲਾਈਟ ਲਾਓ।
- 9 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਸੈਰ ਕਰਨ ਲਈ ਇੱਕ ਬਾਲਗ਼ ਜਾਂ ਵੱਡਾ ਦੋਸਤ ਹੋਣਾ ਚਾਹੀਦਾ ਹੈ।
- ਆਪਣੇ ਫੋਨ ਦੀ ਵਰਤੋਂ ਕਰਨ ਜਾਂ ਸੰਗੀਤ ਸੁਣਨ ਤੋਂ ਬਚੋ – ਧਿਆਨ ਦਿਓ।

## ਰੇਲਵੇ ਫ਼ਾਟਕ



- ਸਿਗਨਲਾਂ ਦੀ ਪਾਲਣਾ ਕਰੋ।
- ਪੈਦਲ ਚੱਲਣ ਵਾਲਿਆਂ ਲਈ ਲਾਏ ਗਏ ਨਿਸ਼ਾਨ ਜਾਂ ਰੇਲਵੇ ਫ਼ਾਟਕ ਤੋਂ ਪਟੜੀਆਂ ਪਾਰ ਕਰੋ।
- ਜਿਸ ਸਮੇਂ ਬੈਰੀਅਰ ਥੱਲੇ ਹੋਣ ਜਾਂ ਹੇਠਾਂ ਕੀਤੇ ਜਾ ਰਹੇ ਹੋਣ, ਤਾਂ ਗੱਡੀ ਚਲਾਉਣਾ ਜਾਂ ਉਹਨਾਂ ਦੇ ਨੇੜੇ-ਤੇੜੇ ਜਾਣਾ ਕਾਨੂੰਨ ਦੇ ਖ਼ਿਲਾਫ਼ ਹੈ।
- ਹਮੇਸ਼ਾ ਟ੍ਰੇਨ ਆਉਣ ਦੀ ਉਮੀਦ ਕਰੋ। ਟ੍ਰੇਨਾਂ ਮਿੱਥੇ ਹੋਏ ਸਮੇਂ 'ਤੇ ਨਹੀਂ ਚੱਲਦੀਆਂ।

## ਕੀ ਕਰੋ

**ਜੇ ਪੁਲਿਸ ਨੇ ਰੋਕਿਆ ਹੈ:**

- ਜਦੋਂ ਤੁਹਾਨੂੰ ਫ਼ਲੈਸ਼ਿੰਗ ਲਾਈਟਾਂ ਦਿਸਣ ਅਤੇ/ਜਾਂ ਸਾਇਰਨ ਦੀ ਅਵਾਜ਼ ਸੁਣੇ, ਤਾਂ ਸ਼ਾਂਤ ਰਹੋ ਅਤੇ ਗੱਡੀ ਸੁਰੱਖਿਅਤ ਢੰਗ ਨਾਲ ਸੜਕ ਕਿਨਾਰੇ ਲਾਓ।
- ਜਦ ਤੱਕ ਪੁਲਿਸ ਅਫ਼ਸਰ ਵਲੋਂ ਨਾ ਕਿਹਾ ਜਾਏ, ਆਪਣੀ ਗੱਡੀ ਵਿੱਚੋਂ ਬਾਹਰ ਨਾ ਨਿਕਲੋ।
- ਓਂਟੈਰੀਓ ਦਾ ਕਾਨੂੰਨ ਕਹਿੰਦਾ ਹੈ ਕਿ ਪੁਲਿਸ ਅਫ਼ਸਰ ਵਲੋਂ ਕਹੇ ਜਾਣ 'ਤੇ ਤੁਹਾਨੂੰ ਡ੍ਰਾਈਵਰ ਦਾ ਲਾਇਸੈਂਸ ਅਤੇ ਗੱਡੀ ਦੀ ਰਜਿਸਟ੍ਰੇਸ਼ਨ ਦੀ ਕਾਪੀ ਅਤੇ ਬੀਮੇ ਦੇ ਦਸਤਾਵੇਜ਼ ਵਿਖਾਉਣੇ ਚਾਹੀਦੇ ਹਨ।
- ਜੇ ਤੁਹਾਨੂੰ ਟਿਕਟ ਮਿਲਦੀ ਹੈ, ਤਾਂ ਠਰ੍ਹੰਮੇ ਨਾਲ ਲਓ। ਬਹਿਸ ਕਰਨ ਤੋਂ ਬਚੋ।
- ਟਿਕਟ ਪ੍ਰਵਾਨ ਕਰਨ ਦਾ ਮਤਲਬ ਇਹ ਨਹੀਂ ਹੁੰਦਾ ਕਿ ਤੁਸੀਂ ਕਸੂਰਵਾਰ ਹੋ। ਤੁਹਾਡੇ ਕੋਲ ਅਪੀਲ ਕਰਨ ਦਾ ਮੌਕਾ ਹੋ ਸਕਦਾ ਹੈ।

**ਜੇ ਤੁਹਾਡੀ ਗੱਡੀ ਖ਼ਰਾਬ ਹੋ ਜਾਂਦੀ ਹੈ, ਤਾਂ:**

- ਐਮਰਜੈਂਸੀ ਫ਼ਲੈਸ਼ਰ ਚਲਾਓ।
- ਜੇ ਸੰਭਵ ਹੋਵੇ, ਤਾਂ ਸੜਕ ਤੋਂ ਇੱਕ ਪਾਸੇ ਹੋ ਜਾਓ।
- ਮਦਦ ਲਈ ਟੋਅ ਟ੍ਰੱਕ ਜਾਂ ਪੁਲਿਸ ਨੂੰ ਫੋਨ ਕਰੋ।

**ਤੁਹਾਡੀ ਸੁਰੱਖਿਆ ਲਈ:**

- ਮਦਦ ਲਈ ਉਡੀਕ ਕਰਦਿਆਂ, ਤੁਸੀਂ ਆਪਣੀ ਗੱਡੀ ਵਿੱਚ ਹੀ ਰਹੋ।
- ਜੇ ਤੁਹਾਨੂੰ ਆਪਣੀ ਗੱਡੀ ਜ਼ਰੂਰ ਛੱਡਣੀ ਪੈਣੀ ਹੈ, ਤਾਂ ਟ੍ਰੈਫ਼ਿਕ ਤੋਂ ਦੂਰ ਵਾਲੇ ਪਾਸੇ ਤੋਂ ਬਾਹਰ ਨਿਕਲੋ ਅਤੇ ਉਡੀਕਣ ਲਈ ਸੁਰੱਖਿਅਤ ਥਾਂ ਲੱਭੋ।
- ਕਦੀ ਵੀ ਗੱਡੀ ਦੇ ਸਾਹਮਣੇ ਜਾਂ ਪਿੱਛੇ ਨਾ ਖੜ੍ਹੇ ਹੋਵੋ।

**ਗੁੱਸੇ 'ਚ ਗੱਡੀ ਚਲਾਉਣੀ:**

ਗੁੱਸੇ 'ਚ ਜਾਂ ਬਹੁਤ ਜ਼ਿਆਦਾ ਜੋਖਮ ਵਾਲੀ ਡ੍ਰਾਈਵਿੰਗ ਲਈ ਸੜਕ 'ਤੇ ਕੋਈ ਥਾਂ ਨਹੀਂ ਹੈ। ਇਸ ਵਿੱਚ ਸ਼ਾਮਲ ਹੈ: ਤੇਜ਼ ਰਫ਼ਤਾਰ, ਬਿਲਕੁਲ ਪਿੱਛੇ ਲਾਕੇ ਗੱਡੀ ਚਲਾਉਣੀ ਜਾਂ ਬਹੁਤ ਨੇੜੇ ਰੱਖਕੇ ਗੱਡੀ ਚਲਾਉਣੀ, ਰਾਹ ਦਾ ਹੱਕ ਦੇਣ ਤੋਂ ਮਨ੍ਹਾ ਕਰਨਾ, ਵਾਰ-ਵਾਰ ਜਾਂ ਬੇਵਜ੍ਹਾ ਹੌਰਨ ਵਜਾਉਣਾ, ਲਾਲ ਬੱਤੀਆਂ ਜਲਾਈ ਰੱਖਣੀਆਂ, ਬਹੁਤ ਜ਼ਿਆਦਾ ਵਾਰੀ ਲੇਨ ਬਦਲਣੀ ਜਾਂ ਟ੍ਰੈਫ਼ਿਕ ਵਿੱਚ ਇੱਧਰੋਂ-ਉਧਰੋਂ ਗੱਡੀ ਕੱਢਣੀ, ਸਾਈਕਲ-ਸੁਆਰਾਂ ਦੇ ਬਹੁਤ ਨੇੜਿਓਂ ਲੰਘਣਾ ਅਤੇ ਹੋਰ ਬਹੁਤ ਕੁਝ।



# ਓਂਟੈਰੀਓ ਵਿੱਚ ਤੁਹਾਡਾ ਸੁਆਗਤ ਹੈ

## ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਸੜਕ ਸੁਰੱਖਿਆ ਬਾਰੇ ਬਹੁਤ ਜ਼ਰੂਰੀ ਜਾਣਕਾਰੀ

SDU
SAFETY DRIVES US

www.safetydrivesus.org

Punjabi

## ਲਾਇਸੈਂਸ ਅਤੇ ਰਜਿਸਟ੍ਰੇਸ਼ਨ

ਸਾਰੇ ਡ੍ਰਾਈਵਰਾਂ ਨੂੰ ਹਰ ਵੇਲੇ ਸਾਰੇ ਦਸਤਾਵੇਜ਼ ਆਪਣੇ ਨਾਲ ਜ਼ਰੂਰ ਰੱਖਣੇ ਚਾਹੀਦੇ ਹਨ:

- ਇੱਕ ਵੈਧ ਅਤੇ ਢੁਕਵੀਂ ਸ਼੍ਰੇਣੀ ਦਾ ਡ੍ਰਾਈਵਰ ਦਾ ਲਾਇਸੈਂਸ। ਜਾਣਕਾਰੀ ਲਈ: ontario.ca/transportation 'ਤੇ ਜਾਓ।
- ਗੱਡੀ ਦੀ ਰਜਿਸਟ੍ਰੇਸ਼ਨ।
- ਗੱਡੀ ਦਾ ਬੀਮਾ।

## ਸੀਟ-ਬੈਲਟਾਂ ਅਤੇ ਬੱਚੇ ਦੀਆਂ ਕਾਰ ਸੀਟਾਂ

ਸੀਟ-ਬੈਲਟਾਂ ਅਤੇ ਬੱਚੇ ਦੀਆਂ ਕਾਰ ਦੀਆਂ ਸੀਟਾਂ ਦੀ ਵਰਤੋਂ ਕਰਨਾ ਕਾਨੂੰਨ ਹੈ। ਤੁਹਾਨੂੰ ਗੱਡੀ ਦੀਆਂ ਸਾਹਮਣੇ ਦੀਆਂ ਦੋਵੇਂ ਸੀਟਾਂ ਅਤੇ ਪਿਛਲੀ ਸੀਟ ਦੀਆਂ ਬੈਲਟਾਂ ਜ਼ਰੂਰ ਲਾਉਣੀਆਂ ਚਾਹੀਦੀਆਂ ਹਨ।

ਸਾਰਿਆਂ ਨੂੰ ਬੈਲਟ ਜ਼ਰੂਰ ਲਾਉਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਡ੍ਰਾਈਵਰ ਦੀ ਜ਼ਿੰਮੇਵਾਰੀ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚੇ ਸੀਟ-ਬੈਲਟ ਲਾਉਣ ਜਾਂ ਬੱਚੇ ਦੀ ਢੁਕਵੀਂ ਕਾਰ ਸੀਟ ਜਾਂ ਬੂਸਟਰ ਸੀਟ ਵਿੱਚ ਹੀ ਸਫ਼ਰ ਕਰਨ।

ਸੀਟ-ਬੈਲਟ ਸਾਂਝੀ ਕਰਨੀ ਖ਼ਤਰਨਾਕ ਅਤੇ ਕਾਨੂੰਨ ਦੇ ਖ਼ਿਲਾਫ਼ ਹੈ। ਇੱਕ ਵਿਅਕਤੀ – ਇੱਕ ਸੀਟ-ਬੈਲਟ।

**ਬੱਚੇ ਦੀਆਂ ਕਾਰ ਸੀਟਾਂ:**

- ਆਪਣੇ ਬੱਚੇ ਦੇ ਵਜ਼ਨ ਅਤੇ ਕੱਦ ਅਨੁਸਾਰ ਢੁਕਵੀਂ ਕਾਰ ਸੀਟ ਜਾਂ ਬੂਸਟਰ ਸੀਟ ਦੀ ਵਰਤੋਂ ਕਰੋ।
- ਹਮੇਸ਼ਾ ਗੱਡੀ ਦੀ ਪਿਛਲੀ ਸੀਟ 'ਤੇ ਹੀ ਕਾਰ ਸੀਟ ਲਾਓ।
- ਕਾਰ ਸੀਟ ਬਾਰੇ ਹੋਰਨਾਂ ਭਾਸ਼ਾਵਾਂ ਵਿੱਚ ਜਾਣਕਾਰੀ ਅਤੇ ਵੀਡੀਓ ਲਈ www.safetydrivesus.org 'ਤੇ ਜਾਓ।



## ਨਸ਼ੇ 'ਚ ਡ੍ਰਾਈਵਿੰਗ

- ਜੇ ਤੁਸੀਂ ਸ਼ਰਾਬ, ਨਸ਼ੀਲੀਆਂ ਦਵਾਈਆਂ ਜਾਂ ਦਵਾਈ ਕਰਕੇ ਧਿਆਨ ਨਹੀਂ ਲਾ ਸਕਦੇ, ਤਾਂ ਗੱਡੀ **ਨਾ ਚਲਾਓ**।
- ਇਸ ਨਾਲ ਧਿਆਨ ਲਾਉਣ ਅਤੇ ਜਵਾਬੀ-ਕਾਰਵਾਈ ਕਰਨ ਦੇ ਤੁਹਾਡੇ ਫ਼ੈਸਲੇ ਅਤੇ ਸਮਰੱਥਾ ਵਿੱਚ ਕਮੀ ਆਉਂਦੀ ਹੈ।
- ਕੈਨੇਡਾ ਵਿੱਚ ਇਹ ਮੁਜਰਮਾਨਾ ਜ਼ੁਰਮ ਹੈ ਅਤੇ ਜੇ ਸਜ਼ਾ ਹੁੰਦੀ ਹੈ, ਤਾਂ ਤੁਸੀਂ ਆਪਣਾ ਡ੍ਰਾਈਵਰ ਦਾ ਲਾਇਸੈਂਸ ਖੁੰਝਾ ਸਕਦੇ ਹੋ, ਜੁਰਮਾਨਾ ਭਰਨਾ ਪੈ ਸਕਦਾ ਹੈ ਜਾਂ ਜੇਲ੍ਹ ਵਿੱਚ ਸਮਾਂ ਗੁਜ਼ਾਰਨਾ ਪੈ ਸਕਦਾ ਹੈ।



## ਧਿਆਨ ਭਟਕਣ ਵਾਲੀ ਡ੍ਰਾਈਵਿੰਗ

- ਸੜਕ ਤੋਂ ਡ੍ਰਾਈਵਰ ਦਾ ਧਿਆਨ ਭਟਕਣ ਵਾਲ਼ੀ ਕਿਸੇ ਵੀ ਗੱਲ ਨਾਲ ਡ੍ਰਾਈਵਿੰਗ ਵਿੱਚ ਲਾਪਰਵਾਹੀ ਹੋ ਸਕਦੀ ਹੈ, ਇਸ ਵਿੱਚ ਸ਼ਾਮਲ ਹਨ: ਖਾਣਾ-ਪੀਣਾ, ਮੁਸਾਫ਼ਰ, ਗੱਡੀ ਦੇ ਤਾਲਮੇਲ ਨੂੰ ਕੰਟਰੋਲ ਕਰਨਾ, ਉਸਾਰੀ ਅਤੇ ਅਤੇ ਸੜਕ-ਸੰਕੇਤ ਦੀ ਇਸ਼ਤਿਹਾਰਬਾਜ਼ੀ।
- ਗੱਲਬਾਤ ਕਰਨ ਲਈ ਕਿਸੇ ਵੀ ਉਪਕਰਣ ਨੂੰ ਹੱਥ ਵਿੱਚ ਫੜਕੇ ਅਤੇ ਇਲੈੱਕਟ੍ਰਾਨਿਕ ਮਨੋਰੰਜਕ ਉਪਕਰਣਾਂ (ਜਿਵੇਂ ਸੈੱਲ ਫੋਨ, ਟੈਬਲੇਟ, GPS, ipods ਆਦਿ) ਦੀ ਵਰਤੋਂ ਕਰਦਿਆਂ, ਓਂਟੈਰੀਓ ਵਿੱਚ ਗੱਡੀ ਚਲਾਉਣਾ ਗ਼ੈਰਕਾਨੂੰਨੀ ਹੈ।
- ਡ੍ਰਾਈਵਰ ਨੂੰ ਡਿਸਪਲੇ ਸਕ੍ਰੀਨ 'ਤੇ ਕੁਝ ਨਜ਼ਰ ਆਉਣਾ ਵੀ ਕਾਨੂੰਨ ਦੇ ਖ਼ਿਲਾਫ਼ ਹੈ। (ਜਿਵੇਂ DVD ਪਲੇਅਰਸ, ਲੈਪਟਾਪ ਆਦਿ)।



## ਸਰਦੀਆਂ ਵਿੱਚ ਡ੍ਰਾਈਵਿੰਗ ਕਰਨੀ

- ਠੰਡ ਦੇ ਮੌਸਮ ਵਿੱਚ ਸੁਰੱਖਿਅਤ ਢੰਗ ਨਾਲ ਡ੍ਰਾਈਵਿੰਗ ਕਰਨ ਲਈ ਵਿੰਟਰ-ਰੇਟਿਡ ਟਾਇਰਾਂ ਦੀ ਵਰਤੋਂ ਕਰਨ ਬਾਰੇ ਵਿਚਾਰ ਕਰੋ।
- ਮੌਸਮ ਦੀਆਂ ਰਿਪੋਰਟਾਂ ਦਾ ਪਤਾ ਲਾਓ ਅਤੇ 511 'ਤੇ ਕਾਲ ਕਰੋ ਜਾਂ ਸੜਕਾਂ ਦੀ ਸਥਿਤੀ ਦਾ ਪਤਾ ਲਾਉਣ ਲਈ www.ontario.ca/511 'ਤੇ ਜਾਓ।
- ਡ੍ਰਾਈਵ ਕਰਨ ਤੋਂ ਪਹਿਲਾਂ, ਆਪਣੀ ਪੂਰੀ ਗੱਡੀ ਵਿੱਚੋਂ ਬਰਫ਼ ਅਤੇ ਜੰਮੀ ਹੋਈ ਬਰਫ਼ ਸਾਫ਼ ਕਰੋ। ਯਕੀਨੀ ਬਣਾਓ ਕਿ ਛੱਤ, ਸਾਰੀਆਂ ਖਿੜਕੀਆਂ, ਸ਼ੀਸ਼ੇ ਅਤੇ ਲਾਈਟਾਂ ਸਾਫ਼ ਹਨ।
- ਬਰਫ਼ਬਾਰੀ, ਜੰਮੀ ਹੋਈ ਬਰਫ਼, ਮੀਂਹ, ਕੋਹਰੇ ਅਤੇ ਚਮਕੀਲੀ ਧੁੱਪ ਵਰਗੀਆਂ ਸਥਿਤੀਆਂ ਦੌਰਾਨ ਤੁਹਾਡੀ ਅਤੇ ਤੁਹਾਡੀ ਅੱਗੇ ਜਾ ਰਹੀ ਗੱਡੀ ਵਿਚਕਾਰ ਵਾਧੂ ਥਾਂ ਛੱਡੋ।
- ਆਪਣੀ ਗੱਡੀ ਵਿੱਚ ਐਮਰਜੈਂਸੀ ਸਫ਼ਰ ਕਿਟ ਰੱਖੋ, ਜਿਸ ਵਿੱਚ ਫ਼ਲੈਸ਼ਲਾਈਟ, ਵਾਧੂ ਕੱਪੜੇ, ਬੇਲਚਾ, ਕੰਬਲ, ਸਰਦੀਆਂ ਦੇ ਬੂਟ, ਸਨੈਕਸ, ਮੋਮਬੱਤੀਆਂ ਅਤੇ ਮਾਚਿਸਾਂ ਸ਼ਾਮਲ ਹਨ।

## ਐਮਰਜੈਂਸੀ ਗੱਡੀਆਂ

- ਜੇ ਤੁਹਾਨੂੰ ਕਿਸੇ ਵੀ ਪਾਸਿਓਂ ਐਂਬੂਲੈਂਸ, ਪੁਲਿਸ ਕਾਰ ਜਾਂ ਅੱਗ ਬੁਝਾਉਣ ਵਾਲਾ ਟ੍ਰੱਕ ਆਉਂਦਾ ਦਿਸ ਰਿਹਾ ਹੈ ਜਾਂ ਅਵਾਜ਼ ਆ ਰਹੀ ਹੈ, ਤਾਂ ਰਾਹ ਤੋਂ ਆਪਣੀ ਗੱਡੀ ਨੂੰ ਇੱਕ ਪਾਸੇ ਕਰਨਾ, ਕਾਨੂੰਨੀ ਤੌਰ 'ਤੇ ਜ਼ਰੂਰੀ ਹੈ।
- ਸਿਗਨਲ ਦਿਓ ਅਤੇ ਜਦੋਂ ਇੰਜ ਕਰਨਾ ਸੁਰੱਖਿਅਤ ਹੋਵੇ, ਤਾਂ ਤੇਜ਼ੀ ਨਾਲ ਜਿੰਨਾ ਹੋ ਸਕੇ, ਤੁਸੀਂ ਸੜਕ ਦੇ ਐਨ ਸੱਜੇ ਪਾਸੇ ਚਲੇ ਜਾਓ।
- ਜੇ ਤੁਸੀਂ, ਆਪਣੀਆਂ ਫ਼ਲੈਸ਼ ਲਾਈਟਾਂ ਨਾਲ ਰੁਕੀ ਹੋਈ ਐਮਰਜੈਂਸੀ ਗੱਡੀ (ਜਾਂ ਟੋਅ ਟ੍ਰੱਕ) ਵਲ ਪਹੁੰਚ ਰਹੇ ਹੋ, ਤਾਂ ਰਫ਼ਤਾਰ ਘੱਟ ਕਰੋ ਅਤੇ ਧਿਆਨ ਨਾਲ ਨਿਕਲ ਜਾਓ। ਜੇ ਇਸ ਤਰ੍ਹਾਂ ਸੁਰੱਖਿਅਤ ਤਰੀਕੇ ਨਾਲ ਕੀਤਾ ਜਾ ਸਕਦਾ ਹੈ, ਤਾਂ ਕਿਸੇ ਹੋਰ ਲੇਨ 'ਤੇ ਚਲੇ ਜਾਓ।




## ਸਕੂਲ ਬੱਸਾਂ

- ਡ੍ਰਾਈਵਰਾਂ ਨੂੰ ਖੜ੍ਹੀ ਹੋਈ ਸਕੂਲ ਬੱਸ ਦੇ ਉੱਪਰਲੇ ਹਿੱਸੇ 'ਤੇ ਫ਼ਲੈਸ਼ ਕਰ ਰਹੀਆਂ ਲਾਲ ਬੱਤੀਆਂ ਜਾਂ ਇਸਦੀ ਨਿਕਲੀ ਹੋਈ ਸਟਾਪ ਵਾਲੀ ਬਾਂਹ ਕੋਲ ਪਹੁੰਚਣ ਲੱਗਿਆਂ ਬੱਸ ਜ਼ਰੂਰ ਰੋਕਣੀ ਚਾਹੀਦੀ ਹੈ।
- ਫ਼ਲੈਸ਼ ਕਰ ਰਹੀਆਂ ਲਾਲ ਬੱਤੀਆਂ ਬੰਦ ਹੋਣ ਜਾਂ ਸਟਾਪ ਵਾਲੀ ਬਾਂਹ ਬੰਦ ਹੋਣ ਅਤੇ ਬੱਸ ਦੇ ਚੱਲਦਿਆਂ ਸਾਰ ਹੀ ਤੁਸੀਂ ਫਿਰ ਤੋਂ ਗੱਡੀ ਚਲਾ ਸਕਦੇ ਹੋ।




## ਮਹੱਤਵਪੂਰਨ ਸੜਕ ਸੁਰੱਖਿਆ ਟ੍ਰਾਂਜ਼ਿਟ ਬੱਸਾਂ

- ਜੇ ਤੁਸੀਂ ਸ਼ਹਿਰ ਦੀ ਇੱਕ ਟ੍ਰਾਂਜ਼ਿਟ ਬੱਸ ਵਲ ਪਹੁੰਚ ਰਹੇ ਹੋ, ਜਿਸਨੇ ਆਪਣੇ ਖੱਬੇ ਪਾਸੇ ਮੁੜਨ ਵਾਲਾ ਸਿਗਨਲ ਫ਼ਲੈਸ਼ ਕਰਨਾ ਸ਼ੁਰੂ ਕੀਤਾ ਹੈ, ਤਾਂ ਤੁਹਾਨੂੰ ਬੱਸ ਨੂੰ ਫਿਰ ਤੋਂ ਟ੍ਰੈਫ਼ਿਕ ਵਿੱਚ ਜ਼ਰੂਰ ਸ਼ਾਮਲ ਹੋਣ ਦੇਣਾ ਚਾਹੀਦਾ ਹੈ।

